ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ. ਹਿੰਦੋਸਤਾਨ ਪੈਟਰੋਲਿਅਮ ਕਾਰਪੋਰੇਸ਼ਨ ਲਿਮ: ਵੱਲੋ ਪਿੰਡ ਨਸੀਬਪੁਰਾ, ਜਿਲ੍ਹਾ ਬਠਿੰਡਾ ਵਿਖੇ 2 ਜੀ ਈਥੇਨੋਲ ਬਾਇਓ ਰਿਫਾਇਨਰੀ 100 ਕਿਲੋਲਿਟਰ ਪ੍ਰਤੀ ਦਿਨ ਦੀ ਸਮਰਥਾ ਦੇ ਪਲਾਂਟ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 02-05-2018 ਦੀ ਕਾਰਵਾਈ ।

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੋਜੂਦ ਸਨ

1. ਸ੍ਰੀ ਹਰਜਿੰਦਰ ਸਿੰਘ,
   ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ,
   ਬਠਿੰਡਾ ।

2. ਇੰਜੀ. ਪਰਮਜੀਤ ਸਿੰਘ,
   ਵਾਤਾਵਰਣ ਇੰਜੀਨੀਅਰ
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਖੇਤਰੀ ਦਫਤਰ, ਬਠਿੰਡਾ ।

3. ਇੰਜ: ਰੂਬੀ ਸਿੱਧੂ,
   ਸਹਾਇਕ ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਖੇਤਰੀ ਦਫਤਰ, ਬਠਿੰਡਾ ।

4. ਸ੍ਰੀ ਜਸਵੰਤ ਸਿੰਘ,
   ਬਲਾਕ ਵਿਕਾਸ ਅਤੇ ਪੰਚਾਇਤ ਅਫਸਰ,
   ਤਲਵੰਡੀ ਸਾਬੋ, ਜਿਲਾ ਬਠਿੰਡਾ ।

ਸਹਾਇਕ ਵਾਤਾਵਰਨ ਇੰਜੀਨੀਅਰ, ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਖੇਤਰੀ ਦਫਤਰ, ਬਠਿੰਡਾ ਨੇ ਮੈਸ. ਹਿੰਦੋਸਤਾਨ ਪੈਟਰੋਲਿਅਮ ਕਾਰਪੋਰੇਸ਼ਨ ਲਿਮ:, ਪਿੰਡ ਨਸੀਬਪੁਰਾ, ਜਿਲ੍ਹਾ ਬਠਿੰਡਾ ਵਲੋਂ ਭਾਰਤ ਸਰਕਾਰ ਦੇ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲਾ ਨੂੰ ਈ.ਆਈ.ਏ. ਨੋਟੀਫਿਕੇਸਨ ਨੰਬਰ 1533 (ਈ) ਮਿਤੀ 14.9.2006 ਦੇ ਤਹਿਤ ਵਾਤਾਵਰਣ ਕਲੀਅਰੈਸ ਲਈ ਦਾਖਲ ਕੀਤੀ ਗਈ ਅਰਜੀ ਤੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਕਰ ਰਹੇ ਅਤੇ ਦੇਖਭਾਲ ਕਰ ਰਹੇ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ। ਉਹਨਾਂ ਹਾਜਰ ਲੋਕਾਂ ਨੂੰ ਦੱਸਿਆ ਕਿ ਇੰਡਸਟਰੀ ਵੱਲੋ ਵਾਧੇ ਲਈ ਦਿੱਤੀ ਗਈ ਅਰਜੀ ਬਾਰੇ ਕੋਈ ਕਾਰਵਾਈ ਜਾਂ ਫੈਸਲਾ ਕਰਨ ਤੋ ਪਹਿਲਾਂ ਲੋਕ ਸੁਣਵਾਈ ਕਰਨਾ ਜਰੂਰੀ ਹੈ । ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਇੰਡਸਟਰੀ ਨੇ ਪ੍ਰਸਤਾਵਤ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਡਿਪਟੀ ਕਮਿਸਨਰ, ਬਠਿੰਡਾ; ਕਮਿਸ਼ਨਰ, ਨਗਰ ਨਿਗਮ, ਬਠਿੰਡਾ; ਜਿਲ੍ਹਾ ਪਰੀਸ਼ਦ ਬਠਿੰਡਾ; ਜਨਰਲ ਮੈਨੇਜਰ, ਜਿਲਾ ਉਦਯੋਗਿਕ ਕੇਂਦਰ, ਬਠਿੰਡਾ; ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ੍ਹ; ਅਤੇ ਖੇਤਰੀ ਦਫਤਰ, ਬਠਿੰਡਾ, ਪੰਜਾਬ ਪ੍ਰਦੂਸਣ ਕੰਟਰੋਲ ਬੋਰਡ ਵਿੱਚ ਰਖੀ ਗਈ ਸੀ, ਤਾਂ ਜੋ ਉੱਥੇ ਜਨਤਾ ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਦੋ ਮਹੱਤਵਪੂਰਨ ਅਖਬਾਰਾਂ ਅਰਥਾਤ ਦੀ ਹਿੰਦੁਸਤਾਨ ਟਾਈਮਜ਼ (ਅੰਗਰੇਜੀ ਰੋਜਾਨਾ) ਵਿੱਚ ਅਤੇ ਪੰਜਾਬੀ ਟ੍ਰਿਬਿਊਨ (ਪੰਜਾਬੀ) ਵਿੱਚ ਮਿਤੀ 29.03.2018 ਨੂੰ ਪ੍ਰਕਾਸਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇ ਦਾ ਪਤਾ ਲੱਗ ਜਾਵੇ । ਨਾਲ ਹੀ ਕਿ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋ ਪਹਿਲਾਂ ਵੇਖਿਆ ਜਾ ਸਕਦਾ ਹੈ। ਇਸ ਤੋ ਪਿੱਛੋ ਉਹਨਾਂ ਇੰਡਸਟਰੀ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ. ਰਿਪੋਰਟ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਕੰਪਨੀ ਦੇ ਨੁਮਾਇੰਦੇ ਸ੍ਰੀ ਪਰਵਿੰਦਰ ਸਿੰਘ ਨੇ ਵਿਸਥਾਰ ਵਿੱਚ ਪ੍ਰਸਤਾਵਿਤ ਯੂਨਿਟ ਬਾਰੇ ਹੇਠ ਲਿਖੇ ਅਨੁਸਾਰ ਜਨਤਾ ਨੂੰ ਦੱਸਿਆ:

ਮੈਸ. ਹਿੰਦੋਸਤਾਨ ਪੈਟਰੋਲਿਅਮ ਕਾਰਪੋਰੇਸ਼ਨ ਲਿਮ: ਵੱਲੋ ਪਿੰਡ ਨਸੀਬਪੁਰਾ, ਜਿਲ੍ਹਾ ਬਠਿੰਡਾ ਵਿਖੇ 2-ਜੀ ਈਥੇਨੋਲ ਬਾਇਓ ਰਿਫਾਇਨਰੀ, 100 ਕਿਲੋਲਿਟਰ ਪ੍ਰਤੀ ਦਿਨ ਦੀ ਸਮਰਥਾ ਦੇ ਪਲਾਂਟ ਸਥਾਪਿਤ ਕੀਤਾ ਜਾਣਾ ਹੈ ਜਿਸ ਲਈ ਕੰਪਨੀ ਵੱਲੋ 15.1 ਹੈਕਟੇਅਰ ( 37.28 ਏਕੜ) ਜਗ੍ਹਾ ਪੰਜਾਬ ਸਰਕਾਰ ਤੋ 33 ਸਾਲਾ ਲਈ ਲੀਜ ਤੇ ਲੈ ਲਈ ਗਈ ਹੈ ।

ਕੰਪਨੀ ਦੇ ਨੁਮਾਇੰਦੇ ਵੱਲੋ ਦੱਸਿਆ ਗਿਆ ਕਿ ਬਾਇਓ ਰਿਫਾਇਨਰੀ ਜੋ ਕਿ ਨਸੀਬਪੁਰਾ, ਜਿਲਾ ਬਠਿੰਡਾ ਵਿਖੇ ਸਥਾਪਿਤ ਹੋਣੀ ਹੈ ਏਸ਼ੀਆ ਦਾ ਪਹਿਲਾ ਕਮਰਸ਼ਿਅਲ ਸਕੇਲ ਪਲਾਂਟ ਹੋਵੇਗਾ ਜਿਸ ਦੀ ਕੁਲ ਪ੍ਰੋਜੈਕਟ ਲਾਗਤ 600 ਕਰੋੜ ਰੁਪਏ ਹੋਵੇਗੀ । ਇਹ ਪਲਾਂਟ ਫਸਲਾਂ ਦੀ ਰਹਿੰਦ ਖੂੰਦ (ਪਰਾਲੀ ਅਤੇ ਨਰਮੇ ਦੀਆਂ ਛਟੀਆਂ) 400 ਟਨ ਪ੍ਰਤੀ ਦਿਨ ਕੱਚੇ ਮਾਲ ਤੇ ਤੌਰ ਤੇ ਵਰਤੇਗਾ (ਜਿਸ ਨੂੰ ਪਹਿਲਾਂ ਅੱਗ ਲਗਾਕੇ ਸਾੜ ਦਿੱਤਾ ਜਾਂਦਾ ਹੈ) ਜਿਸ ਤੋ 2-ਜੀ ਇਥੇਨੋਲ ਦੀ 100 ਟਨ ਪ੍ਰਤੀ ਦਿਨ ਉਤਪਾਦਨ ਹੋਵੇਗਾ ਜੋ ਕਿ ਪੰਜਾਬ ਰਾਜ ਦੀ ਇਥੇਨੋਲ ਮਿਸ਼ਰਣ ਦੀ ਜਰੂਰਤ ਨੂੰ ਪੂਰਾ ਕਰ ਪਾਵੇਗਾ । ਉਹਨਾ ਵੱਲੋ ਇਹ ਵੀ ਦੱਸਿਆ ਗਿਆ ਕਿ ਭਾਰਤ ਵੱਲੋ ਪਹਿਲਾ ਹੀ ਪੈਟਰੋਲ ਵਿੱਚ 10 ਪ੍ਰਤੀਸ਼ਤ ਤੱਕ ਇਥੇਨੋਲ ਦਾ ਮਿਸ਼ਰਣ ਜਰੂਰੀ ਕਰ ਦਿੱਤਾ ਗਿਆ ਹੈ ਅਤੇ ਇਸ ਸਮੇ ਭਾਰਤ ਵਿੱਚ 300 ਮਿਲੀਅਨ ਟਨ ਪ੍ਰਤੀ ਸਾਲ ਤੋ ਵਧ ਖੇਤੀਬਾੜੀ ਦੀ ਰਹਿੰਦ ਖੂੰਦ ਪੈਦਾ ਹੁੰਦੀ ਹੈ ਜਿਸ ਨੂੰ ਨਵੀ ਤਕਨੀਕ ਰਾਹੀ ਇਥੇਨੋਲ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ ।

ਮੈਸ. ਹਿੰਦੋਸਤਾਨ ਪੈਟਰੋਲਿਅਮ ਕਾਰਪੋਰੇਸ਼ਨ ਲਿਮ: ਵੱਲੋ ਆਪਣੇ ਬਠਿੰਡਾ ਪਲਾਂਟ ਲਈ ਝੋਨੇ ਦੀ ਪਰਾਲੀ ਦੇ ਨਾਲ-ਨਾਲ ਕਪਾਹ ਦੇ ਡੰਠਲਾਂ, ਜੋ ਰਾਜ ਵਿੱਚ ਉਪਲਬਧ ਹਨ, ਨੂੰ ਸੰਭਾਲਣ ਲਈ ਤਕਨੀਕ ਦੀ ਅਨੁਕੂਲਤਾ ਦੇ ਕਾਰਨ ਡੀਬੀਟੀ-ਆਈਸੀਟੀ 2-ਜੀ ਐਥਾਨੋਲ ਤਕਨੀਕ ਨੂੰ ਅਸਰਦਾਰ ਤਰੀਕੇ ਨਾਲ ਇਸਤੇਮਾਲ ਕਰਨ ਦਾ ਫੈਸਲਾ ਕੀਤਾ ਹੈ । ਇਹ ਬਇਓ ਰਿਫਾਹਿਨਰੀ ਆਪਣੀ ਕਿਸਮ ਦਾ ਪਹਿਲਾ ਪਲਾਂਟ ਹੋਵੇਗਾ ਜੋ ਕਿ ਜ਼ੀਰੋ ਡਿਸਚਾਰਜ ਤਕਨੀਕ ਅਧਾਰਤ ਹੋਵੇਗਾ । ਇਕਾਈ ਨੂੰ ਕੁਲ 1800 ਕਿਲੋਲਿਟਰ ਪਾਣੀ ਦੀ ਜਰੂਰਤ ਹੋਵੇਗੀ ਜੋ ਕਿ ਨਹਿਰ ਤੋ ਲਿਆ ਜਾਵੇਗਾ ਅਤੇ ਪਲਾਂਟ ਵਿਚੋ ਕਿਸੇ ਵੀ ਤਰਾਂ ਦਾ ਅਫੂਲੈਂਟ ਬਾਹਰ ਨਹੀ ਆਏਗਾ ਕਿਉਕਿ ਇਹ ਪ੍ਰੋਜੈਕਟ ਜ਼ੀਰੋ ਲਿਕਿਊਡ ਡਿਸਚਾਰਜ ਤਕਨੀਕ ਤੇ ਅਧਾਰਤ ਹੋਵੇਗਾ । ਇਕਾਈ ਦੇ ਨੁਮਾਇੰਦੇ ਵੱਲੋ ਇਸ ਪਲਾਂਟ ਦੇ ਲਗਣ ਨਾਲ ਹੇਠ ਲਿਖੇ ਫਾਇਦੇ ਦੱਸੇ ਗਏ -

- ਵੇਸਟ ਨੂੰ ਆਮਦਨ ਵਿੱਚ ਤਬਦੀਲ ਕੀਤਾ ਜਾਵੇਗਾ ।
- ਕਨਵਰਟ ਕਰੋ
- ਪੈਟਰੋ ਈਧੰਨ ਨੂੰ ਵਿਕਲਪਕ ਸਾਫ ਇਧੰਨ ਨਾਲ ਬਦਲਿਆ ਜਾਵੇਗਾ ।
- ਦਰਾਮਦ ਤੇ ਨਿਰਭਰਤਾ ਘਟਾਉਣ ਲਈ ।
- ਕਿਸਾਨਾ ਦੀ ਆਮਦਨ ਵਿੱਚ ਵਾਧਾ ।
- ਨਵੀ ਬਾਇਓਮਾਸ ਅਧਾਰਤ ਅਰਥ ਵਿਵਸਥਾ ਬਣੇਗੀ ।
- ਬਾਇਓਮਾਸ ਕੁਲੈਕਸ਼ਨ ਸਟੋਰੇਜ ਅਤੇ ਟਰਾਂਸਪੋਰਟ ਕਾਰਨ ਸਥਾਨਕ ਵਸਨੀਕਾਂ ਦੇ ਰੋਜਗਾਰ ਵਿੱਚ ਵਾਧਾ ਹੋਵੇਗਾ ।
- ਪ੍ਰਸਤਾਵਿਤ ਬਾਇਓ ਰਿਫਾਇਨਰੀ ਦੇ ਆਉਣ ਨਾਲ ਸਿਧੇ ਅਤੇ ਅਸਿਥੇ ਤੌਰ ਤੇ ਰੋਜਗਾਰ ਪੈਦਾ ਹੋਵੇਗਾ ।
- ਪ੍ਰੋਜੈਕਟ ਦੇ ਆਉਣ ਨਾਲ ਮੌਜੂਦਾ ਸਮੇ ਝੋਨੇ ਦੀ ਪਰਾਲੀ ਨੂੰ ਸਾੜਨ ਨਾਲ ਪੈਦਾ ਹੋਣ ਵਾਲੀਆਂ ਹਾਨੀਕਾਰਕ ਗੈਸਾਂ ਦੇ ਉਤਪਾਤਨ ਨੂੰ ਘਟਾਇਆ ਜਾ ਸਕੇਗਾ ।
- ਕੁਲ ਪ੍ਰੋਜੈਕਟ ਲਾਗਤ ਦਾ 2.5 ਪ੍ਰਤੀਸ਼ਤ ਹਿਸਾ ਜਿਲਾ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਨੇੜਲੇ ਇਲਾਕੇ ਦੇ ਲੋਕਾ ਦੇ ਵਿਕਾਸ ਅਤੇ ਭਲਾਈ ਲਈ ਵਰਤਣ ਲਈ ਉਹ ਪ੍ਰਤੀਬੱਧ ਰਹਿਣਗੇ ।

ਇਸ ਤੋ ਪਿੱਛੋ ਸਹਾਇਕ ਵਾਤਾਵਰਣ ਇੰਜੀਨੀਅਰ ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਜਾਂ ਆਪਣੇ ਸੁਝਾਓ ਦੇ ਸਕਦੇ ਹਨ । ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਭਾਰਤ ਸਰਕਾਰ ਦੇ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲਾ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ਼ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਸਨ।

ਇਸ ਤੋ ਪਿੱਛੋ ਮੌਕੇ ਤੇ ਮੌਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿਅਕਤੀ ਦਾ ਨਾਂ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|
| 1 | ਸ੍ਰੀ ਗੁਰਰਾਜ ਸਿੰਘ ਪੁੱਤਰ ਸ੍ਰੀ ਮਿਠਾ ਸਿੰਘ ਪਿੰਡ ਕੈਲੇਬਾਂਦਰ (ਨਸੀਬਪੁਰਾ) ਜਿਲਾ ਬਠਿੰਡਾ | ਇਲਾਕੇ ਦੇ ਬੇਰੁਜਗਾਰ ਨੌਜਵਾਨਾਂ ਨੂੰ ਰੁਜਗਾਰ ਦੇਣ ਲਈ ਕੀ ਪ੍ਰਬੰਧ ਤਜਵੀਜ਼ ਕੀਤੇ ਗਏ ਹਨ? | ਪ੍ਰੋਜੈਕਟ ਦੇ ਤਜਵੀਜ਼ ਵਿਸਥਾਰ ਨਾਲ ਲੋਕਾਂ ਲਈ ਹੋਰ ਰੁਜਗਾਰ ਦੇ ਅਵਸਰ ਪੈਦਾ ਹੋਣਗੇ, ਜੋ ਕਿ ਸਥਾਨਿਕ ਵਸਨੀਕਾਂ ਨੂੰ ਕੰਪਨੀ ਦੀ ਪਾਲਸੀ ਮੁਤਾਬਿਕ ਦਿੱਤੇ ਜਾਣਗੇ । |
| 2 | ਸ੍ਰੀ ਗੁਰਤੇਜ ਸਿੰਘ, ਸਰਪੰਚ ਪਿੰਡ ਨਸੀਬਪੁਰਾ, ਜਿਲਾ ਬਠਿੰਡਾ | ਉਹਨਾ ਵੱਲੋ ਪਿੰਡ ਮਾਹੀਨੰਗਲ ਤੱਕ ਪੱਕੀ ਸੜਕ ਬਨਾਉਣ ਦੀ ਬੇਨਤੀ ਕੀਤੀ । | ਕੰਪਨੀ ਦੇ ਨੁਮਾਇੰਦੇ ਵੱਲੋ ਕਿਹਾ ਗਿਆ ਕਿ ਇਸ ਸਬੰਧੀ ਮਾਮਲਾ ਜਿਲਾ ਪ੍ਰਸ਼ਾਸ਼ਨ ਨਾਲ ਵਿਚਾਰਿਆ ਜਾਵੇਗਾ । |

ਸਹਾਇਕ ਵਾਤਾਵਰਣ ਇੰਜੀਨੀਅਰ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਤਾਂ ਲੈ ਸਕਦਾ ਹੈ। ਪਰ ਕਿਸੇ ਨੇ ਵੀ ਕੁਝ ਜਾਣਕਾਰੀ ਨਹੀ ਮੰਗੀ। ਇਸ ਪਬਲਿਕ ਹੀਰਿੰਗ ਵਿੱਚ 47 ਬੰਦਿਆਂ ਨੇ ਹਿੱਸਾ ਲਿਆ।

ਉਹਨਾਂ ਇਹ ਵੀ ਦੱਸਿਆ ਕਿ ਹੁਣ ਤੀਕ ਪ੍ਰਾਜੈਕਟ ਬਾਰੇ ਲਿਖਤੀ ਰੂਪ ਵਿੱਚ ਜਾਣਕਾਰੀ, ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋ ਬੋਰਡ ਨੂੰ ਨਹੀ ਮਿਲੇ ਹਨ।

ਸਰਵਜਨਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ ।

| | | |
|---|---|---|
| **(ਪਰਮਜੀਤ ਸਿੰਘ)**<br>**ਵਾਤਾਵਰਣ ਇੰਜੀਨੀਅਰ**<br>**ਪੀਪੀਸੀਬੀ, ਖੇਤਰੀ ਦਫਤਰ, ਬਠਿੰਡਾ ।** | **(ਹਰਜਿੰਦਰ ਸਿੰਘ)**<br>**ਜਿਲਾ ਵਿਕਾਸ ਅਤੇ ਪੰਚਾਇਤ**<br>**ਅਫਸਰ, ਬਠਿੰਡਾ ।** | **(ਦੀਪਰਾਵਾ ਲਾਕਰਾ) ਆਈ.ਏ.ਐਸ.**<br>**ਡਿਪਟੀ ਕਮਿਸ਼ਨਰ, ਬਠਿੰਡਾ** |